# ਨਗਰ ਨਿਗਮ ਜਲੰਧਰ

30.08.2018

## ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਸਰਕਾਰ ਵਲੋ ਬਣਾਏ ਗਏ **MSW Rules 2016** ਨੂੰ ਨਗਰ ਨਿਗਮ ਹਾਊਸ ਵਲੋ ਮੱਤਾ ਨੰ: 173 ਰਾਂਹੀ 30.08.2018 ਨੂੰ ਮਾਣਯੋਗ ਕਮਿਸ਼ਨਰ ਜੀ ਵਲੋ ਦਿਤੀ ਪ੍ਰਵਾਨਗੀ ਉਪਰੰਤ ਪਾਸ ਕੀਤਾ ਗਿਆ ਹੈ ਅਤੇ ਇਸੇ ਤਰਾ ਮੱਤਾ ਨੰ: 261 ਮਿਤੀ 30.10.2009 ਅਤੇ ਮੱਤਾ ਨੰ: 191 ਮਿਤੀ 30.10.2009 ਰਾਂਹੀ ਘਰੋ ਘਰੀ ਕੂੜਾ ਚੁਕਣ ਲਈ ਮਾਣਯੋਗ ਹਾਊਸ ਵਲੋ ਰੇਟ ਨਿਰਧਾਰਤ ਕੀਤੇ ਗਏ ਹਨ। ਜਿਹੜੇ ਕਿ ਨਗਰ ਨਿਗਮ ਦੀ ਵੈਬ-ਸਾਈਟ **mcjalandhar.in** ਤੇ ਉਪੱਲਬਧ ਹਨ। ਉਪਰੋਕਤ ਵਿਸ਼ੇ ਵਿੱਚ ਨਗਰ ਨਿਗਮ ਐਕਟ 1976 ਦੀ ਪਾਲਣਾ ਕਰਨਾ ਜਰੂਰੀ ਹੈ ਇਸ ਸੰਬਧ ਵਿਚ ਜਾਣਕਾਰੀ ਲਈ 0181-2242411 ਤੇ ਸੰਪਰਕ ਕੀਤਾ ਜਾਵੇ।

Aachil

ਸੰਯੁਕਤ ਕਮਿਸ਼ਨਰ
ਨਗਰ ਨਿਗਮ ਜਲੰਧਰ

ਮਤਾ ਨੰਬਰ:-261

ਵਿਸ਼ਾ: ਡੋਰ ਟੂ ਡੋਰ ਕੁਲੈਕਸ਼ਨ ਵਾਸਤੇ ਯੂਜ਼ਰ ਚਾਰਜਿਸ ਨਿਰਧਾਰਿਤ ਕਰਨ ਬਾਰੇ (ਸਾਲਿਡ ਵੇਸਟ ਮੈਨੇਜਮੈਂਟ)।

ਹਵਾਲਾ ਮਤਾ ਨੰ 191 ਮਿਤੀ 30-10-09 ਸੋਲਿਡ ਵੇਸਟ ਮੈਨਿਜਮੈਂਟ ਪ੍ਰੋਜੈਕਟ ਵਾਸਤੇ ਡੋਰ ਟੂ ਡੋਰ ਯੂਜ਼ਰ ਚਾਰਜਿਸ ਲੈਣ ਲਈ ਰੇਟ ਨਿਰਧਾਰਤ ਕੀਤੇ ਸਨ। ਇਸ ਪ੍ਰਵਾਨ ਕੀਤੀ ਗਈ ਤਜਵੀਜ਼ ਵਿਚ ਕਮਰਸ਼ਿਅਲ ਯੂਨਿਟ/ ਹੋਟਲ ਅਤੇ ਰੈਸਟੋਰੈਂਟਾਂ ਤੋਂ ਸਾਲਿਡ ਵੇਸਟ ਯੂਜ਼ਰ ਚਾਰਜਿਸ ਕੂੜੇ ਦੀ ਮਾਤਰਾ ਵੇਖਦੇ ਹੋਏ ਸਾਲਿਡ ਵੇਸਟ ਪ੍ਰੋਜੈਕਟ ਲਈ ਚੁਣੀ ਜਾਣ ਵਾਲੀ ਏਜੰਸੀ ਅਤੇ ਨਗਰ ਨਿਗਮ ਵਲੋਂ ਨਿਰਧਾਰਤ ਕੀਤੇ ਜਾਣਗੇ ਬਾਰੇ ਫੈਸਲਾ ਕੀਤਾ ਗਿਆ ਸੀ।

ਸਾਲਿਡ ਵੇਸਟ ਮੈਨੇਜਮੈਂਟ ਪ੍ਰੋਜੈਕਟ ਲਈ ਰੱਖੀ ਗਈ ਪ੍ਰੀ ਬਿਡ ਮੀਟਿੰਗ ਮਿਤੀ 08-06-2011 ਵਿਚ ਲਿੱਤੇ ਗਏ ਫੈਸਲੇ ਅਨੁਸਾਰ ਚੁਣਿਆ ਗਈਆ ਕੰਪਨੀਆਂ ਤੋਂ ਟੈਂਡਰ ਲੈਣ ਤੋਂ ਪਹਿਲਾ ਕਮਰਸ਼ਿਅਲ ਯੂਨਿਟਾ ਤੋ ਸਾਲਿਡ ਵੇਸਟ ਯੂਜ਼ਰ ਚਾਰਜਿਸ ਲੈਣ ਦਾ ਵੀ ਫੈਸਲਾ ਕੀਤਾ ਗਿਆ। ਡੋਰ ਟੂ ਡੋਰ ਕੁਲੈਕਸ਼ਨ ਵਾਸਤੇ ਜਿਹੜੇ ਯੂਜ਼ਰ ਚਾਰਜਿਸ (ਵੇਸਟ ਕੋਲੈਕਸ਼ਨ ਫੀਸ) ਹਾਊਸ ਦੇ ਮਤਾ ਨੰ: 191 ਮਿਤੀ 30-10-09 ਰਾਹੀ ਪ੍ਰਵਾਨ ਕੀਤੇ ਗਏ ਨਿੱਜੀ ਕੰਪਨੀਆ ਵਲੋਂ ਹਰ ਘਰ ਤੇ ਪ੍ਰਤੀ ਮਹੀਨਾ ਵਸੂਲ ਕੀਤੇ ਜਾਣੇ ਹਨ। ਉਸੇ ਹੀ ਤਰ੍ਹਾਂ ਕਮਰਸ਼ਿਅਲ ਯੂਨਿਟਾਂ ਤੋਂ ਯੂਜ਼ਰ ਚਾਰਜਿਸ ਲੈਣ ਲਈ ਹੇਠ ਲਿਖੇ ਅਨੁਸਾਰ ਤਜਵੀਜ਼ ਕੀਤੇ ਜਾਂਦੇ ਹਨ:

| ਲੜੀ ਨੰਬਰ | ਕੈਟਾਗਰੀ | ਚਾਰਜਿਸ ਪ੍ਰਤੀ ਯੂਨਿਟ ਪ੍ਰਤੀ ਮਹੀਨਾ |
|---|---|---|
| 1 | ਹੋਟਲ<br>0-10 ਕਮਰੇ<br>10-20 ਕਮਰੇ<br>20- ਤੋਂ ਜਿਆਦਾ ਕਮਰੇ | <br>ਰੁ: 500/-<br>ਰੁ: 1000/-<br>ਰੁ: 2000/- |
| 2 | ਰੈਸਟੋਰੈਂਟ/ ਸਵੀਟ ਸ਼ਾਪ (ਏ.ਸੀ)<br>ਰੈਸਟੋਰੈਂਟ/ ਸਵੀਟ ਸ਼ਾਪ (ਬਗੈਰ ਏ.ਸੀ) | ਰੁ: 1000/-<br>ਰੁ: 500/- |
| 3 | ਢਾਬਾ (ਏ.ਸੀ)<br>ਢਾਬਾ (ਬਗੈਰ ਏ.ਸੀ) | ਰੁ: 500/-<br>ਰੁ: 100/- |
| 4 | ਫੈਕਟਰੀ | ਰੁ: [illegible]0/- ਪ੍ਰਤੀ ਗਜ/ ਮਹੀਨਾ |
| 5 | ਮਾਲਜ਼/ ਮੋਲਟੀਪਲੈਕਸ/ ਸਿਨੇਮਾ | ਰੁ: 200/- ਪ੍ਰਤੀ ਦੁਕਾਨ/ ਮਹੀਨੇ |
| 6 | ਮੈਰਿਜ ਪੈਲਸ<br>500 ਵਰਗ ਗਜ ਤੋਂ ਘੱਟ ਰਕਬੇ ਵਾਲੇ<br>500 ਤੋਂ 1000 ਵਰਗ ਗਜ ਰਕਬੇ ਤਕ<br>1000 ਵਰਗ ਗਜ ਤੋਂ ਵੱਧ ਰਕਬੇ ਵਾਲੇ | <br>ਰੁ: 8000/- ਪ੍ਰਤੀ ਸਾਲ<br>ਰੁ: 12,000/- ਪ੍ਰਤੀ ਸਾਲ<br>ਰੁ: 25,000/- ਪ੍ਰਤੀ ਸਾਲ |
| 7 | ਪ੍ਰਾਈਵੇਟ ਸਕੂਲ (ਪ੍ਰੀ/ ਪਲੇਵੇ)<br>ਪ੍ਰਾਈਵੇਟ ਸਕੂਲ (ਪ੍ਰਾਇਮਰੀ)<br>ਪ੍ਰਾਈਵੇਟ ਸਕੂਲ (ਸਕੈਂਡਰੀ/ਸੀਨੀਅਰ ਸਕੈਂਡਰੀ) | ਰੁ: 100/-<br>ਰੁ: 200/-<br>ਰੁ: 1000/- |
| 8 | ਕਾਲੇਜ | ਰੁ: 3000/- |
| 9 | ਏਜੂਕੇਸ਼ਨਲ ਇੰਸਟੀਟਿਊਸ਼ਨ | ਰੁ: 250/- |
| 10 | ਯੂਨੀਵਰਸਿਟੀ | ਰੁ: 25000/- |

ਨਗਰ ਨਿਗਮ ਵਲੋਂ ਉਪਰੋਕਤ ਯੂਜ਼ਰ ਚਾਰਜਿਸ ਲਾਗੂ ਕਰਨ ਤੇ ਪਹਿਲਾ ਵੱਡੇ ਪੱਧਰ ਤੇ ਸੂਚਨਾ ਅਖਬਾਰਾਂ, ਰੇਡਿਓ ਅਤੇ ਕੇਬਲ ਟੀ.ਵੀ ਤੇ ਦਿੱਤੀ ਜਾਵੇਗੀ, ਕਮਰਸ਼ਿਅਲ ਅਦਾਰਿਆਂ ਤੋਂ ਯੂਜ਼ਰ ਚਾਰਜਿਸ ਵਸੂਲ ਕਰਨ ਦੇ ਅਧਿਕਾਰ ਸਿਰਫ ਚੁਣੀ ਗਈ ਕੰਪਨੀ ਕੋਲ ਹੀ ਹੋਣਗੇ ਅਤੇ ਇਹ ਚਾਰਜਿਸ ਅਜੰਸੀ ਵਲੋਂ ਕਮਰਸ਼ਿਅਲ ਅਦਾਰਿਆਂ ਵਲੋਂ ਹਰ ਮਹੀਨੇ ਵਸੂਲ ਕੀਤੇ ਜਾਣਗੇ ਅਤੇ ਰਸੀਦ ਵੀ ਦਿੱਤੀ ਜਾਵੇਗੀ। ਕਾਰਜਕਾਰੀ ਇੰਜੀਨੀਅਰ ਨੇ ਆਪਣੇ ਨੋਟ ਮਿਤੀ 09-06-11 ਰਾਹੀਂ ਲਿਖਿਆ ਹੈ ਕਿ ਕਮਰਸ਼ਿਅਲ ਯੂਨਿਟਾ ਤੋਂ ਉਪਰੋਕਤ ਦਰਸਾਏ ਗਏ ਯੂਜ਼ਰ ਚਾਰਜਿਸ ਪ੍ਰਵਾਨ ਕਰਨ ਲਈ ਅਤੇ ਲੈਣ ਲਈ ਕੇਸ ਨਗਰ ਨਿਗਮ ਦੀ ਮੀਟਿੰਗ ਵਿਚ ਵਿਚਾਰ ਵਟਾਂਦਰੇ

ਅਤੇ ਫੈਸਲਾ ਲੈਣ ਲਈ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਮਿਤੀ: 10-06-2011 ਨੂੰ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ: 10-06-2011 ਰਾਹੀਂ ਕੇਸ ਹਾਊਸ ਵਿਚ ਵਿਚਾਰਣ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ: 10-06-2011 ਅਨੁਸਾਰ ਕੇਸ ਹਾਊਸ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।ਲੜੀ ਨੰ: 5 ਦੇ ਰੇਟ ਰੁਪਏ 0.50/-ਪ੍ਰਤੀ ਗਜ਼/ਪ੍ਰਤੀ ਮਹੀਨਾ ਪੜ੍ਹੇ ਜਾਣ । ਇਹ ਵੀ ਫੈਸਲਾ ਹੋਇਆ ਕਿ ਲੜੀ ਨੰ: 7 ਤੇ ਪਹਿਲੇ ਕਾਲਮ ਵਿੱਚ ਪ੍ਰਾਈਵੇਟ ਸਕੂਲ (ਪ੍ਰ/ਪਲੇਵੇ) ਦੀ ਥਾਂ ਤੇ ਪ੍ਰਾਈਵੇਟ ਸਕੂਲ (ਪ੍ਰਾਇਮਰੀ) ਪੜ੍ਹਿਆ ਜਾਵੇ ।ਲੜੀ ਨੰ: 7 ਤੇ ਦੂਜੇ ਕਾਲਮ ਵਿੱਚ ਪ੍ਰਾਈਵੇਟ ਸਕੂਲ (ਪ੍ਰਾਇਮਰੀ) ਦੀ ਥਾਂ ਤੇ ਪ੍ਰਾਈਵੇਟ ਸਕੂਲ (ਮੈਟ੍ਰਿਕ) ਪੜ੍ਹਿਆ ਜਾਵੇ ।ਇਹ ਵੀ ਫੈਸਲਾ ਹੋਇਆ ਕਿ ਲੜੀ ਨੰ: 7,8,9 ਅਤੇ 10 ਦੇ ਚਾਰਜਸ ਪ੍ਰਤੀ ਮਹੀਨਾ ਪੜ੍ਹੇ ਜਾਣ ।ਹਾਊਸ ਵਲੋਂ ਸਰਵਸੰਮਤੀ ਨਾਲ ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਤਜ਼ਵੀਜ਼ ਅਧੀਨ ਸ਼ਹਿਰ ਵਿੱਚ ਚਲ ਰਹੇ ਹਸਪਤਾਲਾਂ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਇਹਨਾਂ ਪਾਸੋਂ ਵਸੂਲਣ ਯੋਗ ਯੂਜ਼ਰ ਚਾਰਜਸ ਮੁੱਕਰਰ ਕਰਨ ਦਾ ਅਧਿਕਾਰ ਵਿੱਤ ਅਤੇ ਠੇਕਾ ਕਮੇਟੀ ਨੂੰ ਦਿੱਤਾ ਜਾਂਦਾ ਹੈ ।

ਸਹੀ/- ਰਾਕੇਸ਼ ਰਾਠੌਰ

ਮੇਅਰ

17.6.2011